COVERED CALIFORNIA

ਸਾਡੇ ਕੋਲ ਤੁਹਾਡਾ ਪਲਾਨ ਵੀ ਹੈ। ਅਤੇ ਅਸੀਂ ਤੁਹਾਡੇ ਨਾਲ ਵੀ ਖੜ੍ਹੇ ਹਾਂ।

ਇੱਕ ਚਰਣ-ਦਰ-ਚਰਣ ਗਾਈਡ

ਕੈਲੀਫੋਰਨੀਆ ਵਾਸੀਆਂ ਦੇ ਪਿਆਰ ਲਈ

ਕੈਲੀਫੋਰਨੀਆ ਵਾਸੀਆਂ ਲਈ ਸਿਹਤ ਦੀਆਂ ਯੋਜਨਾਵਾਂ। ਕੈਲੀਫੋਰਨੀਆ ਵਾਸੀਆਂ ਵੱਲੋਂ।

Covered California ਕੋਈ ਸਿਹਤ ਬੀਮਾ ਕੰਪਨੀ ਨਹੀਂ ਹੈ। ਅਸੀਂ ਕੈਲੀਫੋਰਨੀਆ ਦੇ ਵਾਸੀਆਂ ਲਈ ਸਿਹਤ ਸੰਭਾਲ ਨੂੰ ਸਰਲ, ਨਿਰਪੱਖ ਅਤੇ ਵਧੇਰੇ ਕਿਫਾਇਤੀ ਬਣਾਉਣ ਵਾਲੇ ਲੋਕ ਹਾਂ। ਅਸੀਂ ਤੁਹਾਨੂੰ ਯੋਜਨਾਵਾਂ ਦੀ ਤੁਲਨਾ ਕਰਨ, ਵਿੱਤੀ ਮਦਦ ਪ੍ਰਾਪਤ ਕਰਨ ਅਤੇ ਬ੍ਰਾਂਡ ਦੇ ਨਾਮ ਦੀ ਕਵਰੇਜ ਵਿੱਚ ਨਾਮਾਂਕਨ ਕਰਵਾਉਣ ਵਿੱਚ ਸਹਾਇਤਾ ਕਰਦੇ ਹਾਂ। ਜ਼ਿਆਦਾਤਰ ਮੈਂਬਰਾਂ ਨੂੰ ਆਪਣਾ ਮਹੀਨੇ ਦਾ ਪ੍ਰੀਮੀਅਮ ਘਟਾਉਣ ਲਈ ਵਿੱਤੀ ਸਹਾਇਤਾ ਪ੍ਰਾਪਤ ਹੁੰਦੀ ਹੈ, ਅਤੇ ਹਰ ਕਿਸੇ ਨੂੰ ਉਹੀ ਵਧੀਆ ਪੱਧਰ ਦੀ ਕਵਰੇਜ ਦੀ ਗਰੰਟੀ ਦਿੱਤੀ ਜਾਂਦੀ ਹੈ। ਅਸੀਂ ਤੁਹਾਡੇ ਲਈ ਖੜੇ ਹੁੰਦੇ ਹਾਂ। ਅਸੀਂ ਤੁਹਾਡੇ ਲਈ ਲੜਦੇ ਹਾਂ। ਕਿਉਂਕਿ ਅਸੀਂ ਤੁਹਾਡਾ ਹੀ ਰੂਪ ਹਾਂ।

“ਹੂੰ?” ਤੋਂ ਬਿਨਾਂ ਸਿਹਤ ਸੰਭਾਲ

ਅਸੀਂ ਸਿਹਤ ਸੰਭਾਲ ਵਿੱਚ ਮਾਹਰ ਹਾਂ। ਨਾਮਾਂਕਨ ਪ੍ਰਕਿਰਿਆ ਦੌਰਾਨ ਕਿਸੇ ਵੀ ਸਮੇਂ ਮਦਦ ਲਈ, 800-300-1506 (ਅੰਗਰੇਜ਼ੀ) ‘ਤੇ ਕਾਲ ਕਰੋ ਜਾਂ **CoveredCA.com**. ‘ਤੇ ਜਾਓ। ਅਸੀਂ ਬਹੁਤੇਰੀਆਂ ਭਾਸ਼ਾਵਾਂ ਵਿੱਚ ਔਨਲਾਈਨ, ਵਿਅਕਤੀਗਤ ਤੌਰ ‘ਤੇ ਅਤੇ ਫ਼ੋਨ ‘ਤੇ ਮੁਫ਼ਤ, ਮਾਹਰ ਸਹਾਇਤਾ ਦੀ ਪੇਸ਼ਕਸ਼ ਕਰਦੇ ਹਾਂ ਅਤੇ ਨਾਲ ਹੀ ਉੱਚਾ ਸੁਣਨ ਵਾਲੇ ਲੋਕਾਂ ਲਈ।

ਚਰਣ ਇੱਕ

ਦੇਖੋ ਕਿ ਕੀ ਤੁਸੀਂ ਸਿਹਤ ਕਵਰੇਜ ਲਈ ਭੁਗਤਾਨ ਕਰਨ ਵਿੱਚ ਸਹਾਇਤਾ ਲਈ ਯੋਗ ਹੋ।

ਲਗਭਗ 5 ਵਿੱਚੋਂ 4 ਨਾਮਾਂਕਨ ਕਰਾਉਣ ਵਾਲੇ ਲੋਕਾਂ ਨੂੰ ਆਪਣਾ ਮਹੀਨੇ ਦਾ ਪ੍ਰੀਮੀਅਮ ਘਟਾਉਣ ਲਈ ਵਿੱਤੀ ਸਹਾਇਤਾ ਮਿਲਦੀ ਹੈ। ਕਿੰਨੀ ਵਿੱਤੀ ਸਹਾਇਤਾ ਪ੍ਰਾਪਤ ਹੁੰਦੀ ਹੈ ਇਹ ਤੁਹਾਡੇ ਪਰਿਵਾਰ ਦੀ ਆਮਦਨ, ਪਰਿਵਾਰ ਦੇ ਆਕਾਰ, ਅਤੇ ਤੁਸੀਂ ਕਿੱਥੇ ਰਹਿੰਦੇ ਹੋ, ਇਸ ‘ਤੇ ਨਿਰਭਰ ਕਰਦਾ ਹੈ।

ਇਹ ਦੇਖਣ ਲਈ ਕਿ ਕੀ ਤੁਸੀਂ ਵਿੱਤੀ ਸਹਾਇਤਾ ਲਈ ਯੋਗ ਹੋ ਜਾਂ ਨਹੀਂ, QR ਕੋਡ ਨੂੰ ਸਕੈਨ ਕਰੋ ਜਾਂ CoveredCA.com ‘ਤੇ ਜਾਓ।

ਚਰਣ ਦੋ

ਤੁਹਾਡੇ ਕਵਰੇਜ ਵਿਕਲਪ ਦੀ ਪੜਚੋਲ ਕਰੋ .

Covered California ਕਵਰੇਜ ਦੇ ਚਾਰ ਪੱਧਰਾਂ ਦੀ ਪੇਸ਼ਕਸ਼ ਕਰਦਾ ਹੈ, ਜਿਹੜੇ ਹਨ ਬਰੌਂਜ਼, ਸਿਲਵਰ, ਗੋਲਡ ਅਤੇ ਪਲੈਟੀਨਮ। ਬੀਮਾ ਕੰਪਨੀਆਂ ਕਵਰ ਕੀਤੀਆਂ ਸੇਵਾਵਾਂ ਦੇ ਇੱਕ ਹਿੱਸੇ ਦਾ ਭੁਗਤਾਨ ਕਰਦੀਆਂ ਹਨ, ਅਤੇ ਹਰੇਕ ਪੱਧਰ ਦੇ ਅੰਦਰ ਪੇਸ਼ ਕੀਤੇ ਜਾਂਦੇ ਲਾਭ ਇੱਕੋ ਜਿਹੇ ਹੁੰਦੇ ਹਨ ਭਾਵੇਂ ਤੁਸੀਂ ਕਿਸੇ ਵੀ ਬੀਮਾ ਕੰਪਨੀ ਦੀ ਚੋਣ ਕਰਦੇ ਹੋ।

ਪਲੈਟੀਨਮ ਜਾਂ **ਗੋਲਡ** ਦੀ ਚੋਣ ਕਰੋ ਅਤੇ ਤੁਸੀਂ ਇੱਕ ਉੱਚ ਮਾਸਿਕ ਪ੍ਰੀਮੀਅਮ ਦਾ ਭੁਗਤਾਨ ਕਰੋਗੇ, ਪਰ ਜਦੋਂ ਤੁਹਾਨੂੰ ਉਹਨਾਂ ਦੀ ਲੋੜ ਹੋਵੇ ਤਾਂ ਤੁਸੀਂ ਡਾਕਟਰੀ ਸੇਵਾਵਾਂ ਲਈ ਘੱਟ ਭੁਗਤਾਨ ਕਰੋਗੇ।

ਸਿਲਵਰ ਜਾਂ **ਬਰੌਂਜ਼** ਦੀ ਚੋਣ ਕਰੋ ਅਤੇ ਤੁਸੀਂ ਘੱਟ ਮਾਸਿਕ ਪ੍ਰੀਮੀਅਮ ਦਾ ਭੁਗਤਾਨ ਕਰੋਗੇ, ਪਰ ਜਦੋਂ ਤੁਹਾਨੂੰ ਉਹਨਾਂ ਦੀ ਲੋੜ ਹੋਵੇ ਤਾਂ ਤੁਸੀਂ ਡਾਕਟਰੀ ਸੇਵਾਵਾਂ ਲਈ ਵਧੇਰੇ ਭੁਗਤਾਨ ਕਰੋਗੇ।

ਇੱਕ **ਘੱਟੋ-ਘੱਟ ਕਵਰੇਜ ਯੋਜਨਾ** 30 ਸਾਲ ਤੋਂ ਘੱਟ ਉਮਰ ਦੇ, ਜਾਂ 30 ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਉਪਲਬਧ ਹੈ ਜਿਨ੍ਹਾਂ ਨੂੰ Covered California ਤੋਂ ਮੁਸ਼ਕਲ ਲਈ ਛੋਟ ਮਿਲਦੀ ਹੈ।

CoveredCA.com ‘ਤੇ ਜਾਓ ਅਤੇ ਇਹ ਦੇਖਣ ਲਈ ਕਿ ਕਿਹੜੀਆਂ ਬ੍ਰਾਂਡ ਦੇ ਨਾਮ ਸਿਹਤ ਯੋਜਨਾਵਾਂ ਤੁਹਾਡੇ ਲਈ ਸਹੀ ਹਨ, **“ਖਰੀਦੋ ਅਤੇ ਤੁਲਨਾ ਕਰੋ”** ਦੀ ਚੋਣ ਕਰੋ।

ਕੈਲੀਫੋਰਨੀਆ ਵਾਸੀਆਂ ਦੇ ਪਿਆਰ ਲਈ

ਮੈਟਲ ਟੀਅਰ ਦੁਆਰਾ 2027 ਸਟੈਂਡਰਡ ਕਵਰੇਜ ਲਾਭ

ਮੁੱਖ ਲਾਭ	**ਬ੍ਰੌਂਜ਼** ਔਸਤ ਸਾਲਾਨਾ ਲਾਗਤ ਦਾ 60% ਕਵਰ ਕਰਦਾ ਹੈ	**ਸਿਲਵਰ** ਔਸਤ ਸਾਲਾਨਾ ਲਾਗਤ ਦਾ 70% ਕਵਰ ਕਰਦਾ ਹੈ[1]	**ਗੋਲਡ** ਔਸਤ ਸਾਲਾਨਾ ਲਾਗਤ ਦਾ 80% ਕਵਰ ਕਰਦਾ ਹੈ	**ਪਲੈਨਟਮ** ਔਸਤ ਸਾਲਾਨਾ ਲਾਗਤ ਦਾ 90% ਕਵਰ ਕਰਦਾ ਹੈ
ਵਿਅਕਤੀਗਤ/ਪਰਿਵਾਰਕ ਮੈਡੀਕਲ ਕਟੌਤੀਯੋਗ	$5,800/$11,600	$4,7200/$9,400	ਕੋਈ ਕਟੌਤੀਯੋਗ ਨਹੀਂ	ਕੋਈ ਕਟੌਤੀਯੋਗ ਨਹੀਂ
ਸਲਾਨਾ ਨਿਵਾਰਕ ਦੇਖਭਾਲ ਦਾ ਦੌਰਾ	ਕੋਈ ਲਾਗਤ ਨਹੀਂ	ਕੋਈ ਲਾਗਤ ਨਹੀਂ	ਕੋਈ ਲਾਗਤ ਨਹੀਂ	ਕੋਈ ਲਾਗਤ ਨਹੀਂ
ਪ੍ਰਾਇਮਰੀ ਕੇਅਰ ਵਿਜ਼ਿਟ ਕੋਪੇ	$60	$50	$40	$20
ਤੁਰੰਤ ਦੇਖਭਾਲ ਵਿਜ਼ਿਟ ਕਾਪੀ	$60	$50	$40	$20
ਐਮਰਜੈਂਸੀ ਰੂਮ ਕਾਪੀ	40%[2]	$400	$350	$250
ਜੈਨਰਿਕ ਦਵਾਈ ਕਾਪੀ	$20	$20	$19	$10
ਇੱਕ ਲਈ ਸਲਾਨਾ ਆਊਟ-ਆਫ-ਪਾਕੇਟ ਅਧਿਕਤਮ	$11,650/ਸਾਲ	$11,650/ਸਾਲ	$9,600/ਸਾਲ	$5,500/ਸਾਲ
ਪਰਿਵਾਰ ਲਈ ਸਾਲਾਨਾ ਵੱਧ ਤੋਂ ਵੱਧ ਆਊਟ ਆਫ ਪਾਕਿਟ[1]	$23,300/ਸਾਲ	$23,300/ਸਾਲ	$19,200/ਸਾਲ	$11,000/ਸਾਲ

ਸ਼ੁਰੂ ਕਰਨ ਲਈ, CoveredCA.com ‘ਤੇ ਜਾਓ ਜਾਂ 800-300-1506 ‘ਤੇ ਕਾਲ ਕਰੋ।

ਚਾਰਟ ਵਿੱਚ ਸਾਰੀਆਂ ਮੈਡੀਕਲ ਕਾਪੀਆਂ ਅਤੇ ਸਹਿ ਬੀਮਾ ਦਰਾਂ ਸ਼ਾਮਲ ਨਹੀਂ ਹਨ। ਪੂਰੀ ਜਾਣਕਾਰੀ ਲਈ, CoveredCA.com ‘ਤੇ ਜਾਓ।

1. ਚਾਂਦੀ ਹੀ ਉਹ ਪੱਧਰ ਹੈ ਜਿੱਥੇ ਤੁਹਾਡੀ ਘਰੇਲੂ ਆਮਦਨ ਦੇ ਆਧਾਰ ‘ਤੇ ਤੁਹਾਡੀਆਂ ਲਾਗਤਾਂ ਘੱਟ ਹੋ ਸਕਦੀਆਂ ਹਨ। ਇਹਨਾਂ ਯੋਜਨਾਵਾਂ ਨੂੰ ਐਨਹਾਂਸਡ ਸਿਲਵਰ ਪਲਾਨ ਵੀ ਕਿਹਾ ਜਾਂਦਾ ਹੈ।
2. 40% ਕਟੌਤੀ ਤੋਂ ਬਾਅਦ, ਸਾਲਾਨਾ ਵੱਧ ਤੋਂ ਵੱਧ ਜੇਬ ਤੱਕ।

COVERED CALIFORNIA

ਕੈਲੀਫੋਰਨੀਆ ਵਾਸੀਆਂ ਦੇ ਪਿਆਰ ਲਈ

ਚਰਣ ਤਿੰਨ।

ਤੁਹਾਨੂੰ ਨਾਮਾਂਕਨ ਲਈ ਕੀ ਚਾਹੀਦਾ ਹੈ।

ਘਰ ਦੇ ਹਰੇਕ ਮੈਂਬਰ ਲਈ ਹੇਠ ਲਿਖੇ ਦੀ ਲੋੜ ਹੈ ਜੋ ਕਵਰੇਜ ਲਈ ਅਰਜ਼ੀ ਦੇ ਰਿਹਾ ਹੈ:

- ਹੋਮ ਜ਼ਿਪ ਕੋਡ
- ਜਨਮ ਮਿਤੀ
- ਮੌਜੂਦਾ ਘਰੇਲੂ ਆਮਦਨ ਦਾ ਸਬੂਤ[1]
- ਕੈਲੀਫੋਰਨੀਆ ਆਈਡੀ ਜਾਂ ਡਰਾਈਵਰ ਲਾਇਸੰਸ
- ਸਮਾਜਿਕ ਸੁਰੱਖਿਆ ਨੰਬਰ ਜਾਂ ਵਿਅਕਤੀਗਤ ਟੈਕਸਦਾਤਾ ਪਛਾਣ ਨੰਬਰ (ITIN), ਜੇਕਰ ਤੁਹਾਡੇ ਕੋਲ ਹੈ
- ਨਾਗਰਿਕਤਾ ਜਾਂ ਕਾਨੂੰਨੀ ਮੌਜੂਦਗੀ ਦਾ ਸਬੂਤ (ਉਦਾਹਰਨ ਲਈ, ਯੂ.ਐੱਸ. ਪਾਸਪੋਰਟ, ਨਾਗਰਿਕਤਾ ਦਾ ਸਰਟੀਫਿਕੇਟ ਜਾਂ ਨੈਚੁਰਲਾਈਜ਼ੇਸ਼ਨ ਦਸਤਾਵੇਜ਼, ਗ੍ਰੀਨ ਕਾਰਡ, ਜਾਂ ਇੱਕ ਵੈਧ ਵੀਜ਼ਾ)[2]

ਕੀ ਮੈਨੂੰ ਸਿਹਤ ਬੀਮਾ ਲੈਣਾ ਪਵੇਗਾ?

ਕੈਲੀਫੋਰਨੀਆ ਵਿੱਚ, ਬਹੁਤੇਰੇ ਲੋਕਾਂ ਨੂੰ ਕਾਨੂੰਨ ਦੁਆਰਾ ਸਿਹਤਬੀਮਾ ਕਰਵਾਉਣਾ ਜਾਂ ਟੈਕਸ ਜੁਰਮਾਨੇ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ। ਜੇਕਰ ਤੁਹਾਡੇ ਕੋਲ ਸਿਹਤ ਬੀਮਾ ਨਹੀਂ ਹੈ ਜਾਂ ਛੋਟ ਪ੍ਰਾਪਤ ਕਰਨ ਯੋਗ ਨਹੀਂ ਹੋ, ਤਾਂ ਤੁਹਾਡੇ 'ਤੇ ਲਗਣ ਵਾਲੇ ਵਿਅਕਤੀਗਤ ਸ਼ੇਅਰ ਜ਼ੁੰਮੇਵਾਰੀ ਜੁਰਮਾਨੇ ਦਾ ਅੰਦਾਜ਼ਾ ਲਗਾਉਣ ਲਈ ਫ੍ਰੈਂਚਾਈਜ਼ ਟੈਕਸ ਬੋਰਡ ਦੀ ਵੈਬਸਾਈਟ www.ftb.ca.gov 'ਤੇ ਜਾਓ।

ਐਚ.ਐਮ.ਓ. ਪੀ.ਪੀ.ਓ. ਈ.ਪੀ.ਓ.

ਆਓ ਇਸ ਸਭ ਨੂੰ ਸਮਝਣ ਵਿੱਚ ਤੁਹਾਡੀ ਸਹਾਇਤਾ ਕਰੀਏ।
ਜ਼ਿਆਦਾਤਰ ਬੀਮਾ ਕੰਪਨੀਆਂ ਤਿੰਨ ਤਰ੍ਹਾਂ ਦੀਆਂ ਯੋਜਨਾਵਾਂ ਪੇਸ਼ ਕਰਦੀਆਂ ਹਨ:

"ਐਚ.ਐਮ.ਓ." ਹੈਲਥ ਮੇਨਟੇਨੈਂਸ ਆਰਗੇਨਾਈਜ਼ੇਸ਼ਨ, ਸਿਹਤ ਬੀਮਾ ਯੋਜਨਾਵਾਂ ਹਨ ਜੋ ਸਿਰਫ਼ ਨੈਟਵਰਕ ਦੇ ਅੰਦਰ ਦੇਖਭਾਲ ਨੂੰ ਕਵਰ ਕਰਦੀਆਂ ਹਨ (ਐਮਰਜੈਂਸੀ ਨੂੰ ਛੱਡ ਕੇ), ਅਤੇ ਤੁਹਾਨੂੰ ਕਿਸੇ ਮਾਹਰ ਨੂੰ ਮਿਲਣ ਲਈ ਰੈਫਰਲ ਦੀ ਲੋੜ ਹੁੰਦੀ ਹੈ।

"ਪੀ.ਪੀ.ਓ." ਪਰਿਫਰਡ ਪ੍ਰੋਵਾਇਡਰ ਆਰਗੇਨਾਈਜ਼ੇਸ਼ਨ, ਸਿਹਤ ਬੀਮਾ ਯੋਜਨਾਵਾਂ ਹੁੰਦੀਆਂ ਹਨ ਜਿੱਥੇ ਤੁਸੀਂ ਨੈਟਵਰਕ ਦੇ ਅੰਦਰ ਜਾਂ ਨੈਟਵਰਕ ਤੋਂ ਬਾਹਰ ਪ੍ਰਦਾਤਾਵਾਂ ਤੋਂ ਰੈਫਰਲ ਤੋਂ ਬਿਨਾਂ ਦੇਖਭਾਲ ਪ੍ਰਾਪਤ ਕਰ ਸਕਦੇ ਹੋ (ਲਾਗਤ ਨੈਟਵਰਕ ਦੇ ਅੰਦਰ ਅਤੇ ਬਾਹਰ ਵੱਖ-ਵੱਖ ਹੁੰਦੀ ਹੈ)।

"ਈ.ਪੀ.ਓ." ਐਸਕਲੂਸਿਵ ਪ੍ਰੋਵਾਇਡਰ ਆਰਗੇਨਾਈਜ਼ੇਸ਼ਨ, ਸਿਹਤ ਬੀਮਾ ਯੋਜਨਾਵਾਂ ਹੁੰਦੀਆਂ ਹਨ ਜੋ ਸਿਰਫ਼ ਨੈਟਵਰਕ ਦੇ ਅੰਦਰ ਦੇਖਭਾਲ ਨੂੰ ਕਵਰ ਕਰਦੀਆਂ ਹਨ (ਐਮਰਜੈਂਸੀ ਨੂੰ ਛੱਡ ਕੇ), ਪਰ ਤੁਹਾਨੂੰ ਕਿਸੇ ਮਾਹਰ ਨੂੰ ਮਿਲਣ ਲਈ ਰੈਫਰਲ ਦੀ ਲੋੜ ਨਹੀਂ ਹੈ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਸਾਰੇ ਐਚ.ਐਮ.ਓ., ਪੀ.ਪੀ.ਓ. ਅਤੇ ਈ.ਪੀ.ਓ. ਇੱਕੋ ਜਿਹੇ ਹੁੰਦੇ ਹਨ। ਸਿਹਤ ਬੀਮਾ ਯੋਜਨਾ ਚੁਣਨ ਤੋਂ ਪਹਿਲਾਂ, CoveredCA.com 'ਤੇ "**ਖਰੀਦੋ ਅਤੇ ਤੁਲਨਾ ਕਰੋ**" ਟੂਲ ਦੀ ਵਰਤੋਂ ਕਰੋ ਤਾਂ ਜੋ ਵੇਰਵੇ ਪ੍ਰਾਪਤ ਕੀਤੇ ਜਾ ਸਕਣ ਕਿ ਕਿਹੜੇ ਡਾਕਟਰ ਅਤੇ ਹਸਪਤਾਲ ਕਵਰ ਕੀਤੇ ਗਏ ਹਨ ਅਤੇ ਨੈਟਵਰਕ ਤੋਂ ਬਾਹਰ ਡਾਕਟਰ ਨੂੰ ਮਿਲਣ ਲਈ ਕਿੰਨਾ ਖਰਚਾ ਆਵੇਗਾ।

ਚਰਣ ਚਾਰ

ਇੱਕ ਅਕਾਊਂਟ ਬਣਾਓ ਅਤੇ ਨਾਮਾਂਕਨ ਕਰੋ

CoveredCA.com 'ਤੇ ਆਪਣੀ ਸਿਹਤ ਬੀਮਾ ਯੋਜਨਾ ਵਿੱਚ ਨਾਮਾਂਕਨ ਕਰੋ। ਬਸ ਇੱਕ ਉਪਭੋਗਤਾ ਅਕਾਊਂਟ ਬਣਾਓ ਅਤੇ ਤੀਜੇ ਚਰਣ ਵਿੱਚ ਦਿੱਤੀ ਜਾਣਕਾਰੀ ਦੇ ਨਾਲ ਨਾਮਾਂਕਨ ਪ੍ਰਕਿਰਿਆ ਦੀ ਪਾਲਣਾ ਕਰੋ।

ਚਰਣ ਪੰਜ

ਆਪਣਾ ਹਰ ਮਹੀਨੇ ਦਾ ਪ੍ਰੀਮੀਅਮ ਭਰੋ

ਆਪਣਾ ਹਰ ਮਹੀਨੇ ਦਾ ਪ੍ਰੀਮੀਅਮ ਪੂਰਾ ਅਤੇ ਸਮੇਂ ਸਿਰ ਭਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡਾ ਕਵਰੇਜ ਜਾਰੀ ਰਹੇ। ਆਪਣੇ ਪ੍ਰੀਮੀਅਮ ਦਾ ਭੁਗਤਾਨ ਨਾ ਕਰਨ ਨਾਲ ਤੁਹਾਡੇ ਸਿਹਤ ਕਵਰੇਜ ਵਿੱਚ ਵਿਘਨ ਪੈ ਸਕਦਾ ਹੈ ਜਾਂ ਰੱਦ ਵੀ ਹੋ ਸਕਦਾ ਹੈ।

COVERED CALIFORNIA

ਨਾਮਾਂਕਨ ਖੁੱਲ੍ਹਾ ਹੈ: 1 ਨਵੰਬਰ - 31 ਜਨਵਰੀ

ਮੈਡੀ-ਕਲ: ਸਾਲ ਭਰ ਉਪਲਬਧ

ਵਿਸ਼ੇਸ਼ ਨਾਮਾਂਕਨ: ਜੀਵਨ ਦੀਆਂ ਜ਼ਿਆਦਾਤਰ ਘਟਨਾਵਾਂ ਤੋਂ ਬਾਅਦ 60 ਦਿਨਾਂ ਲਈ ਉਪਲਬਧ

ਵਿਸ਼ੇਸ਼ ਨਾਮਾਂਕਨ ਕੈਲੀਫੋਰਨੀਆ ਦੇ ਵਾਸੀਆਂ ਨੂੰ ਜੀਵਨ ਦੀਆਂ ਜ਼ਿਆਦਾਤਰ ਤਬਦੀਲੀਆਂ ਤੋਂ ਬਾਅਦ, ਜਿਵੇਂ ਕਿ ਸਿਹਤ ਬੀਮਾ ਗੁਆਉਣਾ, ਘਰੇਲੂ ਆਕਾਰ ਵਿੱਚ ਤਬਦੀਲੀ, ਜਾਂ ਕੈਲੀਫੋਰਨੀਆ ਵਿੱਚ ਜਾਂ ਅੰਦਰ ਜਾਣ 60 ਦਿਨਾਂ ਦੇ ਅੰਦਰ ਕਵਰੇਜ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ।

ਵਿਸ਼ੇਸ਼ ਨਾਮਾਂਕਨ ਬਾਰੇ ਵਧੇਰੇ ਜਾਣਕਾਰੀ ਲਈ, CoveredCA.com/special-enrollment 'ਤੇ ਜਾਓ

1. ਟੈਕਸ ਦੇਣ ਵਾਲੇ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਮੌਜੂਦਾ ਆਮਦਨ ਦਾ ਸਬੂਤ, ਜਿਵੇਂ ਕਿ ਹਾਲੀਆ ਟੈਕਸ ਰਿਟਰਨ, W-2, ਜਾਂ ਪੇਅ ਸਟੱਬ। ਕਿਸੇ ਆਸ਼ਰਿਤ ਦੀ ਆਮਦਨ ਕੇਵਲ ਤਾਂ ਹੀ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ ਜੇਕਰ ਉਹਨਾਂ ਦੀ ਆਮਦਨੀ ਦੇ ਪੱਧਰ ਲਈ ਉਹਨਾਂ ਨੂੰ ਟੈਕਸ ਰਿਟਰਨ ਭਰਨ ਦੀ ਲੋੜ ਹੁੰਦੀ ਹੈ। ਪਰਿਵਾਰ ਨੂੰ ਉਸ ਵਿਅਕਤੀ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਮੁੱਢਲੇ ਟੈਕਸ ਫਾਈਲ ਕਰਨ ਵਾਲੇ ਵਜੋਂ ਟੈਕਸ ਫਾਈਲ ਕਰਦਾ ਹੈ ਅਤੇ ਉਸ ਵਿਅਕਤੀ ਦੇ ਟੈਕਸਾਂ 'ਤੇ ਦਾਅਵਾ ਕੀਤੇ ਸਾਰੇ ਨਿਰਭਰ ਵਿਅਕਤੀ। ਜੇਕਰ ਤੁਸੀਂ ਟੈਕਸ ਨਹੀਂ ਭਰਦੇ, ਤਾਂ ਵੀ ਤੁਸੀਂ ਮੈਡੀ-ਕਲ ਰਾਹੀਂ ਮੁਫ਼ਤ ਜਾਂ ਘੱਟ ਖਰਚੇ ਵਾਲੇ ਬੀਮੇ ਲਈ ਯੋਗ ਹੋ ਸਕਦੇ ਹੋ।
2. ਤੁਸੀਂ ਆਪਣੇ ਯੋਗ ਬੱਚੇ ਜਾਂ ਜੀਵਨ ਸਾਥੀ ਲਈ ਅਰਜ਼ੀ ਦੇ ਸਕਦੇ ਹੋ ਭਾਵੇਂ ਤੁਸੀਂ ਯੋਗ ਨਹੀਂ ਹੋ।

Covered California complies with applicable federal civil rights laws and does not discriminate on the basis of race, color, national origin, age, disability, or sex.
1-800-300-1533 (TTY 1-888-889-4500). Atención: Si habla español, tiene a su disposición servicios gratuitos de asistencia lingüística. Llame al 1-800-300-0213 (TTY: 1-888-889-4500).
注意：如果您使用繁體中文，您可以免費獲得語言援助服務。請致電
1-800-300-1533 (TTY 1-888-889-4500).

ਸਵਾਬ ਜੋ ਤੁਹਾਨੂੰ ਚਾਹੀਦੇ ਹਨ। ਕਵਰੇਜ ਜਿਸਦੀ ਤੁਹਾਨੂੰ ਲੋੜ ਹੈ। ਸਹਾਇਤਾ ਜੋ ਸਹਾਇਕ ਹੈ।

COVERED CALIFORNIA

ਕੈਲੀਫੋਰਨੀਆ ਵਾਸੀਆਂ ਦੇ ਪਿਆਰ ਲਈ

ਤੁਸੀਂ ਵਿਅਕਤੀ ਹੋ। ਪ੍ਰੀਮੀਅਮ ਨਹੀਂ।

ਅਫੋਰਡਿਬਲ ਕੇਅਰ ਐਕਟ (ACA) ਦੇ ਹਿੱਸੇ ਵਜੋਂ, ਕਵਰਡ ਕੈਲੀਫੋਰਨੀਆ ਗਰੰਟੀ ਦਿੰਦੀ ਹੈ ਕਿ —

- ਪਹਿਲਾਂ ਤੋਂ ਮੌਜੂਦ ਸਿਹਤ ਸਥਿਤੀਆਂ ਕਿਸੇ ਨੂੰ ਕਵਰ ਕੀਤੇ ਜਾਣ ਤੋਂ ਨਹੀਂ ਰੋਕ ਸਕਦੀਆਂ।
- ਤੁਹਾਡੀ ਯੋਜਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿਉਂਕਿ ਤੁਸੀਂ ਬਿਮਾਰ ਜਾਂ ਜ਼ਖਮੀ ਹੋ।
- ਸਾਰੀਆਂ ਯੋਜਨਾਵਾਂ ਵਿੱਚ ਮੁਫਤ ਰੋਕਥਾਮ ਦੇਖਭਾਲ ਸ਼ਾਮਲ ਹੁੰਦੀ ਹੈ।
- ਨੌਜਵਾਨ ਬਾਲਗ 26 ਸਾਲ ਦੀ ਉਮਰ ਤੱਕ ਆਪਣੇ ਮਾਤਾ-ਪਿਤਾ ਦੀ ਯੋਜਨਾ ਅਧੀਨ ਕਵਰ ਕੀਤੇ ਜਾ ਸਕਦੇ ਹਨ।
- ਇਮੀਗ੍ਰੇਸ਼ਨ/ਨਾਗਰਿਕਤਾ ਸਥਿਤੀ ਸਮੇਤ ਸਾਰੀ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਂਦਾ ਹੈ।

ਆਓ ਤੁਹਾਡੀ ਸਹਾਇਤਾ ਕਰੀਏ।

ਅਸੀਂ ਵਧੇਰੇ ਸਿੱਧੀ ਗੱਲਬਾਤ ਅਤੇ ਘੱਟ ਦੋਹਰੀ ਗੱਲਬਾਤ ਲਈ ਹਾਂ। ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਮੁਫ਼ਤ ਸਥਾਨਕ ਵਿਅਕਤੀਗਤ ਮਦਦ ਲੱਭਣ ਲਈ, ਤਾਂ ਸੰਪਰਕ ਕਰੋ:

CoveredCA.com ਜਾਂ 800-300-1506 ‘ਤੇ ਕਾਲ ਕਰੋ।

COVERED CALIFORNIA

ਕੈਲੀਫੋਰਨੀਆ ਵਾਸੀਆਂ ਦੇ ਪਿਆਰ ਲਈ